# ਕਾਲੇ ਅਫ਼ਗਾਨੇ ਨੂੰ ਬਾਹਮਣ-ਫੋਬੀਆ

*-ਗੁਰਸਿੱਖ ਫੀਚਰਜ਼*

ਇੰਝ ਲੱਗਦਾ ਹੈ ਕਿ ਅੱਜ ਕੱਲ੍ਹ ਕੁਝ ਕੁ ਅਖੌਤੀ ਸਿੱਖ ਬੁਧੀਜੀਵੀਆਂ ਨੂੰ ਬਿਪਰਨ ਫੋਬੀਆਂ ਹੋ ਗਿਆ ਹੈ ਅਤੇ ਇਹ ਬੀਮਾਰੀ ਡਿਸਕੋ ਫੀਵਰ ਦੀ ਤਰ੍ਹਾਂ ਫੈਲਦੀ ਹੀ ਜਾ ਰਹੀ ਹੈ। ਜਿਨ੍ਹਾਂ ਦੀ ਧਾਰਮਿਕ ਸਥਿਤੀ ਕਮਜ਼ੋਰ ਹੋਵੇ, ਉਹਨਾਂ ਨੂੰ ਇਸਦੀ ਇਨਫੈਕਸ਼ਨ ਬਹੁਤ ਜਲਦੀ ਹੋ ਜਾਂਦੀ ਹੈ। ਜਿਸਨੂੰ ਇਹ ਬੀਮਾਰੀ ਚਮੜ ਜਾਵੇ, ਵੇਖਣ ਨੂੰ ਤਾਂ ਉਹ ਅੰਮ੍ਰਿਤਧਾਰੀ ਗੁਰਸਿੱਖ ਲੱਗਦਾ ਹੈ, ਪਰ ਅੰਦਰੋਂ ਪੱਕਾ ਨਾਸਤਿਕ ਬਣ ਜਾਂਦਾ ਹੈ। ਜਿਸ ਬੀਮਾਰੀ ਨੂੰ ਨਾਸਤਿਕ ਲੋਕ ਸਿੱਖਾਂ ਵਿਚ ਅੱਜ ਤਕ ਨਹੀਂ ਫੈਲਾ ਸਕੇ, ਉਸਨੂੰ ਇਹਨਾਂ ਬੁਧੀਜੀਵੀਆਂ ਨੇ ਸਹਿਜੇ ਹੀ ਫੈਲਾ ਦਿੱਤਾ ਹੈ। ਹੁਣ ਤਾਂ ਇਸ ਬੀਮਾਰੀ ਦੀ ਲਪੇਟ ਵਿਚ ਕਈ ਪ੍ਰਚਾਰਕ ਅਤੇ ਸਿੱਖ ਮਿਸ਼ਨਰੀ ਵੀ ਆ ਚੁੱਕੇ ਹਨ। ਪਰ ਪਤਾ ਨਹੀਂ ਕਿਉਂ ਸਾਡਾ ਸੰਤ ਵਰਗ ਇਸ ਬੀਮਾਰੀ ਤੋਂ ਜਮਾਂ ਈ ਨਹੀਂ ਡਰਦਾ।

ਸੰਨ ੧੯੮੩ ਦੀ ਗੱਲ ਹੈ, ਉਹਨੀ ਦਿਨੀਂ ਮੈਂ ਆਪਣੇ ਪਿੰਡ ਰਾਜਸਥਾਨ ਵਿਚ ਪ੍ਰੈਕਟਿਸ ਕਰਦਾ ਸਾਂ। ਸਾਡੇ ਪਿੰਡ ਦੇ ਮੇਘਲੇ ਨਾਈ ਨੂੰ ਭਿੰਡਰਾਂਵਾਲਾ ਫੋਬੀਆ ਹੋ ਗਿਆ, ਉਸਦੀ ਘਰ ਵਾਲੀ ਇਲਾਜ਼ ਲਈ ਮੇਰੇ ਪਾਸ ਲੈ ਕੇ ਆਈ, ਕਹਿੰਦੀ ਇਸ ਨੂੰ ਦਿਨੇ ਰਾਤ ਭਿੰਡਰਾਂਵਾਲਾ ਦਿੱਖਦਾ ਰਹਿੰਦਾ ਹੈ। ਮੈਂ ਹੈਰਾਨੀ ਨਾਲ ਪੁੱਛਿਆ ਕਿ ਬਈ ਤੇਰਾ ਭਿੰਡਰਾਂਵਾਲੇ ਨਾਲ ਦੂਰ ਨੇੜੇ ਦਾ ਵੀ ਰਿਸ਼ਤਾ ਨਹੀਂ, ਤੈਨੂੰ ਭਿੰਡਰਾਂਵਾਲਾ ਫੋਬੀਆ ਕਿਵੇਂ ਹੋ ਗਿਆ? ਕਹਿੰਦਾ ਮੈਂ ਸਟੇਸ਼ਨ 'ਤੇ ਖੜ੍ਹਾ ਸੀ, ਭਿੰਡਰਾਂਵਾਲੇ ਦੇ ਦੋ ਬੰਦੇ ਗੱਡੀ 'ਚ ਬੈਠੇ ਮੇਰੇ ਵੱਲ ਹੀ ਵੇਖਦੇ ਰਹੇ, ਅਤੇ ਮੈਨੂੰ ਰਾਤ ਨੂੰ ਸੁਪਨਾ ਆਇਆ ਕਿ ਉਹਨਾਂ ਨੇ ਮੇਰੇ ਨਾਂ ਦੀ ਪਰਚੀ ਭਿੰਡਰਾਂਵਾਲੇ ਦੇ ਤੌੜੇ ਵਿਚ ਪਾ ਦਿੱਤੀ ਹੈ। ਮੇਰੇ ਬਹੁਤ ਸਮਝਾਉਣ 'ਤੇ ਵੀ ਜਦੋਂ ਨਾ ਸਮਝਿਆ ਤਾਂ ਮੈਂ ਕਿਹਾ ਤੂੰ ਇਉਂ ਕਰ ਕਿਸੇ ਨੂੰ ਬਗੈਰ ਦੱਸੇ ਬਾਂਗੜ ਇਲਾਕੇ ਵੱਲ ਭੱਜ ਜਾ। ਉਹ ਸੱਚੀਓ ਰਾਤ ਨੂੰ ਭੱਜ ਗਿਆ ਤੇ ਅਜੇ ਤਕ ਨਹੀਂ ਮੁੜਿਆ।

ਪਿਛਲੇ ਸਾਲਾਂ 'ਚ ਕਈ ਤਰ੍ਹਾਂ ਦੇ ਫੋਬੀਏ ਵੇਖਣ ਨੂੰ ਮਿਲੇ ਹਨ। ਜਿਵੇਂ ਪੁਲਿਸ ਫੋਬੀਆ, ਖਾੜਕੂ ਫੋਬੀਆ। ਪਿੱਛੇ ਜਿਹੇ ਬਾਦਲ ਸਾਹਬ ਨੂੰ ਪਹਿਲਾਂ ਟੌਹੜਾ ਫੋਬੀਆ ਅਤੇ ਫਿਰ ਰਣਜੀਤ ਸਿੰਘ ਫੋਬੀਆ ਹੋ ਗਿਆ। ਪਰ ਅਸ਼ਕੇ ਜਾਈਏ ਬਾਦਲ ਸਾਹਿਬ ਦੇ, ਜਿਨ੍ਹਾਂ ਨੇ ਆਪਣੇ ਚਮਚਿਆਂ ਦੇ ਕਹਿਣ 'ਤੇ ਝੱਟ ਹੀ ਦੋਨੋਂ ਵਾਇਰਸ ਝਟਕਾ ਦਿੱਤੇ ਤੇ ਸੁਖ ਦੀ ਨੀਂਦ ਸੌਂ ਗਿਆ। ਇਹ ਗੱਲ ਵੱਖਰੀ ਹੈ ਕਿ ਉਸ ਦਿਨ ਤੋਂ ਟੌਹੜਾ ਸਾਹਿਬ ਨੂੰ ਬਾਦਲ ਫੋਬੀਆ ਹੋ ਗਿਆ। ਬੀਬੀ ਜਗੀਰ ਕੌਰ ਨੂੰ ਪੂਰਨ ਸਿੰਘ ਫੋਬੀਆ ਹੋ ਗਿਆ ਸੀ। ਪੂਰਨ ਸਿੰਘ ਨੇ ਅਰਦਾਸ ਕੀਤੀ ਸੀ ਕਿ ਹੇ ਬਾਬਾ ਇਹ ਬੀਬੀ ਤੇਰੇ ਦਰ 'ਤੇ ਤਾਂ ਨਹੀਂ ਆਈ, ਹੁਣ ਤੂੰ ਏਸ ਨੂੰ ਬਾਬਰ ਕਿਆਂ ਦਾ ਦਰ ਵਿਖਾਦੇ। ਉਸ ਦਿਨ ਤੋਂ ਬੀਬੀ ਨੂੰ ਦਿੱਲੀ ਫੋਬੀਆ ਹੋ ਗਿਆ। ਗਿਆਨੀ ਪੂਰਨ ਸਿੰਘ ਨੂੰ ਹੁਕਮਨਾਮਾ ਫੋਬੀਆ ਹੋ ਗਿਆ। ਬੇਅੰਤ ਸਿੰਘ ਜਿੰਨਾਂ ਚਿਰ ਜਿਉਂਦਾ ਰਿਹਾ, ਉਸ ਨੂੰ ਅਕਾਲੀ ਫੋਬੀਆ ਹੀ ਰਿਹਾ। ਭਜਨ ਲਾਲ ਨੂੰ ਪੰਜਾਬ ਫੋਬੀਆ ਸੀ, ਉਹ ਸਵੇਰੇ ਉੱਠਦੇ ਸਾਰ ਪੰਜਾਬ ਵੱਲ ਮੂੰਹ ਕਰਕੇ ਕੂਕਣ ਲੱਗ ਜਾਂਦਾ ਸੀ।

ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਨੂੰ ਸੰਤ ਫੋਬੀਆ ਦੀ ਬੀਮਾਰੀ ਸੀ। ਉਹ ਰਸਤੇ 'ਚ ਜਾਂਦਿਆਂ ਵੀ ਜੇ ਕਿਸੇ ਗੋਲ ਪੱਗ ਵਾਲੇ ਨੂੰ ਵੇਖ ਲੈਣ ਤਾਂ ਸਾਧਾਂ, ਸੰਤਾਂ ਨੂੰ ਪੰਜ-ਸੱਤ ਗਾਲਾਂ ਕੱਢ ਕੇ, ਫੇਰ

ਗੱਡੀ ਅੱਗੇ ਤੋਰਦੇ ਸਨ। ਉਹ ਸੁਖਮਨੀ ਸਾਹਿਬ ਦਾ ਪਾਠ ਸਿਰਫ਼ ਏਸ ਕਰਕੇ ਹੀ ਨਹੀਂ ਕਰਦੇ ਕਿ ਉਸ ਵਿਚ ਸਾਧਾਂ-ਸੰਤਾਂ ਦੀ ਉਪਮਾ ਕੀਤੀ ਹੋਈ ਹੈ। ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਜਦੋਂ ਪਹਿਲੀ ਦਫ਼ਾ ਅਮਰੀਕਾ ਦੇ ਦੌਰੇ ਤੋਂ ਵਾਪਸ ਪਰਤੇ ਤਾਂ ਉਹਨਾਂ ਨੂੰ ਏਡਜ਼ ਫੋਬੀਆ ਹੋ ਗਿਆ ਅਤੇ ਉਹਨਾਂ ਨੇ ਸਿੱਖਾਂ ਨੂੰ ਏਡਜ਼ ਤੋਂ ਬਚਾਉਣ ਵਾਸਤੇ ਸਾਰੀ ਕੌਮ ਦਾ ਜਲੂਸ ਕੱਢ ਕੇ ਰੱਖ ਦਿੱਤਾ।

ਮੈਂ ਗਿਆਨੀ ਵੀਰ ਸਿੰਘ ਮਦੋਕੀ ਵਾਲਿਆਂ ਨਾਲ ਜਸਵੰਤ ਸਿੰਘ ਕੰਵਲ ਨੂੰ ਮਿਲਣ ਚਲਿਆ ਗਿਆ। ਕੰਵਲ ਸਾਹਿਬ ਖੇਸ ਦੀ ਬੁੱਕਲ ਮਾਰੀ ਮੂਹੜੇ 'ਤੇ ਇੰਝ ਬੈਠੇ ਸਨ, ਜਿਵੇਂ ਮੀਂਹ ਦਾ ਭਿੱਜਿਆ ਚੂਹਾ ਵੱਟ 'ਤੇ ਬੈਠਾ ਧੁੱਪ ਸੇਕ ਰਿਹਾ ਹੋਵੇ। ਮੈਂ ਪੁੱਛਿਆ 'ਕੰਵਲ ਸਾਹਿਬ ਸਿਹਤ ਤਾਂ ਠੀਕ ਹੈ?' ਇਕ ਵੱਡਾ ਸਾਰਾ ਹੌਕਾ ਲੈ ਕੇ ਕਹਿੰਦੇ, 'ਪਿਛਲੇ ਕਈ ਦਿਨਾਂ ਤੋਂ ਮੈਨੂੰ ਹਿੰਦੂ ਫੋਬੀਆ ਹੋ ਗਿਆ ਹੈ, ਪੰਜਾਬ ਦਾ ਕੀ ਬਣੂ? ਸਿੱਖ ਤੇ ਸਿੱਖੀ ਆਉਣ ਵਾਲੇ ਸਾਲਾਂ ਵਿਚ ਵੇਖਣ ਨੂੰ ਨਹੀਂ ਮਿਲਣੀ। ਅੱਖਾਂ ਭਰਕੇ ਕਹਿੰਦੇ ਜੇ ਮੇਰਾ ਸਰੀਰ ਪੰਜਾਬ ਨੂੰ ਬਚਾਉਣ ਵਾਸਤੇ ਲੱਗ ਜਾਵੇ, ਤਾਂ ਮੈਂ ਆਪਣੀ ਜਿੰਦਗੀ ਸਫਲ ਸਮਝਾਂਗਾ।' ਮੈਂ ਬੜਾ ਹੈਰਾਨ ਹੋਇਆ ਕਿ ਜਿਹੜਾ ਮਨੁੱਖ ਆਪਣੀ ਪਹਿਲਾਂ ਦੀ ਜ਼ਿੰਦਗੀ ਵਿਚ ਧਰਮ ਤੋਂ ਬਾਗੀ ਰਿਹਾ, ਉਸ ਦੇ ਹਿਰਦੇ ਵਿਚ ਪੰਜਾਬ ਪ੍ਰਤੀ ਇਤਨਾ ਦਰਦ ਹੈ ਤੇ ਆਹ ਜਿਹੜੇ ਸਾਡੇ ਸਾਧੂ ਸੰਤ ਅਖਵਾਉਂਦੇ ਹਨ, ਜਿਨ੍ਹਾਂ ਦਾ ਤੋਰੀ ਫੁਲਕਾ ਸਿੱਖਾਂ ਤੋਂ ਚੱਲਦਾ ਹੈ, ਇਹਨਾਂ ਨੂੰ ਅਜੇ ਵੀ ਸਮਝ ਨਹੀਂ ਆ ਰਹੀ ਕਿ ਜੇ ਪੰਜਾਬ ਵਿਚ ਸਿੱਖੀ ਨਾ ਰਹੀ ਤਾਂ ਤੁਹਾਡੀਆਂ ਕਾਰਾਂ ਵਿਚ ਤੇਲ ਕੌਣ ਪਾਊ? ਪਰ ਪਤਾ ਨਹੀਂ, ਕਿਉਂ ਇਹ ਸਿੱਖੀ ਵਾਸਤੇ ਵੀ ਡੇਰਿਆਂ (ਏਅਰ ਕੰਡੀਸ਼ਨ ਕਮਰਿਆਂ) 'ਚੋਂ ਬਾਹਰ ਆਉਣ ਨੂੰ ਤਿਆਰ ਨਹੀਂ ਹਨ।

ਅੱਜ ਕਲ੍ਹ ਤਾਂ ਕਈ ਅਖ਼ਬਾਰ, ਰਸਾਲੇ ਵੀ ਬਾਹਮਣ ਫੋਬੀਆ ਦੀ ਮਾਰ ਹੇਠ ਆ ਚੁੱਕੇ ਹਨ। ਕਈ ਮੈਗਜ਼ੀਨਾਂ ਨੂੰ ਤਾਂ ਬਾਹਮਣ ਫੋਬੀਆ ਦੇ ਨਾਲ ਹੋਰ ਵੀ ਕਈ ਤਰ੍ਹਾਂ ਦੇ ਫੋਬੀਏ ਹੋ ਗਏ ਹਨ। ਜਿਵੇਂ ਅਕਾਲ ਤਖ਼ਤ ਫੋਬੀਆ, ਗ੍ਰੰਥੀ-ਪੁਜਾਰੀ ਫੋਬੀਆ, ਹੁਕਮਨਾਮਾ ਫੋਬੀਆ ਆਦਿ-ਆਦਿ। ਅਤੇ ਇਹਨਾਂ ਫੋਬੀਆਂ ਦੇ ਕੀਟਾਣੂਆਂ ਨੇ ਇਹਨਾਂ ਦੇ ਦਿਮਾਗ ਨੂੰ ਏਨਾ ਵਿਚਲਿਤ ਕਰ ਰੱਖਿਆ ਹੈ ਕਿ ਇਹ ਆਪਣੇ-ਆਪ ਨੂੰ ਸਿੱਖ ਕੌਮ ਦੇ ਨੰਬਰਦਾਰ ਹੀ ਸਮਝੀ ਬੈਠੇ ਹਨ ਅਤੇ ਜੇ ਇਨ੍ਹਾਂ ਦਾ ਵੱਸ ਚੱਲੇ ਤਾਂ ਇਹ ਅਕਾਲ ਤਖ਼ਤ ਦੀ ਮਾਣ-ਮਰਿਯਾਦਾ ਮਿਟਾ ਕੇ, ਉਥੇ ਆਪਣੇ ਦਫ਼ਤਰ ਹੀ ਖੋਲ੍ਹ ਲੈਣ। ਖ਼ੈਰ ਛੱਡੋ ਇਹਨਾਂ ਗੱਲਾਂ ਨੂੰ।

ਮੈਂ ਗੱਲ ਕਰ ਰਿਹਾ ਸੀ ਬਾਹਮਣ ਫੋਬੀਏ ਦੀ। ਅਮਰੀਕਾ ਵਾਲਿਆਂ ਨੇ ਏਡਜ਼ ਦੇ ਕੀਟਾਣੂ ਬਾਂਦਰ ਤੋਂ ਪੈਦਾ ਹੋਏ ਦੱਸੇ ਹਨ। ਇਸ ਆਧਾਰ 'ਤੇ ਮੈਂ ਵੀ ਖੋਜ ਕੀਤੀ, ਸਭ ਤੋਂ ਪਹਿਲਾਂ ਬਾਹਮਣ ਫੋਬੀਏ ਦੇ ਕੀਟਾਣੂ ਆਰ.ਐਸ.ਐਸ. ਵਾਲਿਆਂ ਨੇ ਇਕ ਪੁਲਸੀਏ ਦੇ ਦਿਮਾਗ ਵਿਚ ਨਾਗਪੁਰ ਦੇ ਥਿੰਕ ਟੈਂਕ ਵਿਚ ਰੱਖ ਕੇ ਪੈਦਾ ਕੀਤੇ। ਇਹ ਪੁਲਸੀਆ ਸਾਰੀ ਉਮਰ ਲੋਕਾਂ ਦਾ ਵਿਰੋਧ ਕਰਦਾ ਰਿਹਾ, ਵੱਢਦਾ ਰਿਹਾ ਤੇ ਅਖੀਰਲੀ ਉਮਰੇ ਜਦੋਂ ਗੁਰਬਾਣੀ ਅਨੁਸਾਰ ***'ਸਤਰਿ ਕਾ ਮਤਿਹੀਣੁ'*** ਤੇ ***'ਸਿਰੁ ਕੰਪਿਓ ਪਗ ਡਗਮਗੈ ਨੈਨ ਜੋਤਿ ਤੇ ਹੀਨ'*** ਦੀ ਅਵਸਥਾ ਆਈ ਤਾਂ ਇਹ ਆਪਣੇ ਪ੍ਰਭੂਆਂ ਦੇ ਕਹਿਣ 'ਤੇ ਸਾਡੇ ਕੁਝ ਕੁ ਸਿੱਖ ਬੁਧੀਜੀਵੀਆਂ ਨੂੰ ਚੰਬੜ ਗਿਆ ਤੇ ਉਹਨਾਂ ਵਿਚ ਬਾਹਮਣ ਫੋਬੀਏ ਦੇ ਕੀਟਾਣੂ ਫੈਲਾ ਦਿੱਤੇ।

ਇਕ ਵਾਰੀ ਦੀ ਗੱਲ ਹੈ ਕਿ ਇਕ ਬੜਾ ਹੀ ਸੋਹਣਾ ਜਿਹਾ ਡੱਬੂ ਕਿਸੇ ਦੇ ਘਰੇ ਜਾ ਵੜਿਆ। ਉਸ ਨੇ ਆਪਣੀਆਂ ਕਲਾਬਾਜ਼ੀਆਂ ਨਾਲ ਸਾਰਿਆਂ ਦਾ ਮਨ ਜਿੱਤ ਲਿਆ ਤੇ ਸਾਰਿਆਂ ਨੂੰ ਚੱਟਦਾ ਗਿਆ।

ਕਿਸੇ ਸਿਆਣੇ ਨੇ ਕਿਹਾ ਕਿ ਇਹ ਤਾਂ ਹਲਕਿਆ ਫਿਰਦਾ ਹੈ। ਬਸ ਫੇਰ ਕੀ ਸੀ ਸਾਰੇ ਇਕ ਦੂਜੇ ਵਿਚ ਵੱਜਦੇ ਫਿਰਨ। ਇਹੋ ਜਿਹੀ ਹਾਲਤ ਇਸ ਨੇ ਸਿੱਖਾਂ ਦੀ ਕਰ ਦਿੱਤੀ ਹੈ।

## ਬਾਹਮਣ ਫੋਬੀਏ ਦੇ ਲੱਛਣ:

ਜਿਨ੍ਹਾਂ ਨੂੰ ਬਾਹਮਣ ਫੋਬੀਆ ਹੋਵੇ, ਉਹਨਾਂ ਨੂੰ ਗੁਰੂ ਉੱਤੇ ਅਤੇ ਗੁਰਬਾਣੀ ਉੱਤੇ ਵਿਸ਼ਵਾਸ ਨਹੀਂ ਹੁੰਦਾ। ਗੁਰੂਆਂ ਨੂੰ ਇਹ ਇਕ ਬਹੁਤ ਵਧੀਆ ਸੁਧਾਰਵਾਦੀ ਮਨੁੱਖ ਸਮਝਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਉਪਦੇਸ਼ ਦੀ ਕਿਤਾਬ।

ਬਾਹਮਣ ਫੋਬੀਆ ਤੋਂ ਪੀੜਤ ਲੋਕ ਸਿੱਖਾਂ ਦੀ ਹਰ ਗੱਲ ਨੂੰ ਬਾਹਮਣਵਾਦ ਹੀ ਦੱਸਦੇ ਨਜ਼ਰ ਆਉਣਗੇ ਜਿਵੇਂ-ਬਾਹਮਣ ਨੇ ਜਨੇਊ ਪਾ ਲਿਆ ਤੇ ਅਸੀਂ ਕ੍ਰਿਪਾਨ ਪਾ ਲਈ ਸਾਡੇ ਤੇ ਬਾਹਮਣ ’ਚ ਕੀ ਫਰਕ ਹੋਇਆ? ਬਾਹਮਣ ਨੇ ਧੋਤੀ ਪਾ ਲਈ ਅਸੀਂ ਕਛਿਹਰਾ ਪਾ ਲਿਆ। ਬਾਹਮਣ ਨੇ ਬੋਦੀ ਰੱਖ ਲਈ ਅਸੀਂ ਕੇਸ ਰੱਖ ਲਏ। ਬਾਹਮਣ ਸਵੇਰੇ ਉਠ ਕੇ ਇਸ਼ਨਾਨ ਕਰਦਾ ਹੈ ਤਾਂ ਅਸੀਂ ਵੀ ਸਵੇਰੇ ਉਠ ਕੇ ਇਸ਼ਨਾਨ ਕਰ ਲਿਆ ਤਾਂ ਕੀ ਇਹ ਬਾਹਮਣਵਾਦ ਨਹੀਂ? ਬਾਹਮਣ ਸਵੇਰੇ ਗਾਇਤਰੀ ਤੇ ਸ਼ਾਮ ਨੂੰ ਸੰਧਿਆ ਕਰਦਾ ਹੈ, ਉਹਨਾਂ ਦੀ ਰੀਸੇ ਸਿੱਖ ਵੀ ਸਵੇਰੇ ਉੱਠ ਕੇ ਨਿਤਨੇਮ ਤੇ ਸ਼ਾਮ ਨੂੰ ਸੋਦਰ ਕਰਦਾ ਹੈ, ਫੇਰ ਸਾਡੇ ਤੇ ਬਾਹਮਣ ’ਚ ਫਰਕ ਤਾਂ ਕੋਈ ਨਾ ਹੋਇਆ। ਬਾਹਮਣ ਗੀਤਾ ਤੇ ਰਮਾਇਣ ਦਾ ਪਾਠ ਕਰਦਾ ਹੈ, ਅਸੀਂ ਗੁਰੂ ਗ੍ਰੰਥ ਸਾਹਿਬ ਪੜ੍ਹ ਲੈਂਦੇ ਹਾਂ। ਬਾਹਮਣ ਤੀਰਥਾਂ ’ਤੇ ਭਟਕਦਾ ਫਿਰਦਾ ਤੇ ਸਰੋਵਰਾਂ ਵਿਚ ਨਹਾਉਂਦਾ ਹੈ, ਅਸੀਂ ਅੰਮ੍ਰਿਤਸਰ ਨੂੰ ਹੀ ਤੀਰਥ ਮੰਨ ਰੱਖਿਆ ਹੈ ਤੇ ਗੁਰੂ ਰਾਮਦਾਸ ਦੇ ਸਰੋਵਰ ’ਚ ਨਹਾਉਂਦੇ ਫਿਰਦੇ ਹਾਂ। ਫਰਕ ਤਾਂ ਕੋਈ ਨਾ ਹੋਇਆ। ਅਖੰਡਪਾਠ ਤੇ ਦੂਜੇ ਪਾਠ ਕਰਾਉਣ ਦਾ ਕੀ ਫਾਇਦਾ?

ਬਾਹਮਣ ਫੋਬੀਆ ਤੋਂ ਪੀੜਤ ਲੋਕ ਚੌਪਈ ਸਾਹਿਬ ਨੂੰ ਗੁਰੂ ਕ੍ਰਿਤ ਨਹੀਂ ਮੰਨਦੇ। *‘ਪ੍ਰਥਮ ਭਗੌਤੀ ਸਿਮਰ ਕੈ’* ਅਰਦਾਸ ਨੂੰ ਵੀ ‘ਬਾਹਮਣ-ਕ੍ਰਿਤ’ ਹੀ ਦੱਸਦੇ ਹਨ। ਗੁਰੂ ਕੀਆਂ ਸ਼ਹੀਦੀਆਂ ਨੂੰ ਜਾਤੀ ਦੁਸ਼ਮਣੀ ਦੱਸਦੇ ਹਨ। ਇਹਨਾਂ ਨੇ ਭਾਈ ਨੰਦ ਲਾਲ ਨੂੰ ਬਦੋਬਦੀ ਅਮ੍ਰਿਤ ਛਕਾ ਕੇ ਨੰਦ ਸਿੰਘ ਬਣਾ ਦਿਤਾ ਹੈ, ਹੁਣ ਇਹ ਨੌਂ ਗੁਰੂਆਂ ਨੂੰ ਵੀ ਅੰਮ੍ਰਿਤ ਛਕਾ ਕੇ ਨਾਮਾਂ ਨਾਲ ਸਿੰਘ ਨਾਮ ਰੱਖਣਗੇ। ਭਾਈ ਬਾਲੇ ਨੂੰ ਤਾਂ ਇਹਨਾਂ ਨੇ ਪਹਿਲਾਂ ਹੀ ਭਜਾ ਦਿੱਤਾ ਹੈ ਤੇ ਹੁਣ ਭਾਈ ਮਰਦਾਨੇ ’ਤੇ ਸ਼ਰਤ ਲਾਈ ਹੈ ਕਿ ਤੂੰ ਅਮ੍ਰਿਤ ਛਕ ਕੇ ਮਰਦਾਨਾ ਸਿੰਘ ਬਣ ਜਾ, ਨਹੀਂ ਤਾਂ ਗੁਰੂ ਨਾਨਕ ਸਿੰਘ ਜੀ ਨਾਲ ਅਸੀਂ ਆਪੇ ਰਬਾਬ ਵਜਾ ਕੇ ਕੰਮ ਸਾਰ ਲਵਾਂਗੇ। ਹੁਣ ਤਾਂ ਭਗਤਾਂ ਨੂੰ ਵੀ ਹੱਥਾਂ ਪੈਰਾਂ ਦੀ ਪਈ ਹੈ, ਹੋ ਸਕਦਾ ਹੈ ਕਿ ਬਾਹਮਣ ਦੀ ਸ਼ਰਾਰਤ ਕਹਿ ਕੇ ਬਾਹਮਣ ਫੋਬੀਆ ਵਾਲੇ ਗੁਰੂ ਗ੍ਰੰਥ ਸਾਹਿਬ ਵਿਚੋਂ ਭਗਤਾਂ ਨੂੰ ਹੀ ਕੱਢ ਦੇਣ ਦੀ ਸ਼ਰਤ ਰੱਖਣ।

ਇਹ ਇਸ ਗੱਲ ਨੂੰ ਮੰਨਦੇ ਹੀ ਨਹੀਂ ਕਿ ਬਾਬਾ ਦੀਪ ਸਿੰਘ ਜੀ ਦਾ ਸਿਰ ਕੱਟਿਆ ਗਿਆ ਸੀ। ਅਖੇ ਐਵੇਂ ਧੌਣ ’ਤੇ ਇਕ ਝਰੀਟ ਆਈ ਸੀ। ਜਿਵੇਂ ਕਿ ਬਾਬਾ ਦੀਪ ਸਿੰਘ ਜੀ ਜੰਗ ਵਿਚ ਨਾ ਜਾ ਕੇ, ਪ੍ਰੋਫੈਸਰ ਮਨਜੀਤ ਸਿੰਘ ਦੇ ਚੇਤਨਾ ਜਲੂਸ ਵਿਚ ਗਤਕਾ ਖੇਡਣ ਗਿਆ ਹੋਵੇ। ਬਾਹਮਣ ਫੋਬੀਆ ਤੋਂ ਪੀੜਤ ਲੋਕ ਇਹ ਮੰਨਣ ਨੂੰ ਤਿਆਰ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤ ਛਕਾਉਣ ਲੱਗਿਆਂ ਪੰਜ ਬਾਣੀਆਂ ਪੜ੍ਹੀਆਂ ਸਨ ਤੇ ਸਿੱਖਾਂ ਦੇ ਸਿਰ ਝਟਕਾਏ ਸਨ ਅਤੇ ਪਤਾਸੇ ਪਾਏ ਸਨ।

ਇਹ ਲੇਖ ਲਿਖਦਿਆਂ-ਲਿਖਦਿਆਂ ਮੈਨੂੰ 'ਬੁਧੀਜੀਵੀ ਸਿੱਖ' ਫੋਬੀਆ ਹੋ ਗਿਆ ਤੇ ਮੇਰਾ ਚਿਤ ਘਾਊਂ-ਮਾਊਂ ਕਰਨ ਲੱਗਾ। ਮੈਂ *'ਤਾਤੀ ਵਾਉ ਨ ਲਗਈ'* ਦਾ ਪਾਠ ਕਰਦਾ-ਕਰਦਾ ਸੌਂ ਗਿਆ। ਮੈਨੂੰ ਸੁਪਨੇ ਵਿਚ ਇਕ ਬੁਧੀਜੀਵੀ ਨੇ ਆ ਘੇਰਿਆ ਤੇ ਕਹਿੰਦਾ- ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਲਗਿਆਂ ਕੁੱਕੜ ਵੱਢੇ ਸਨ, ਅਖੇ ਮੈਂ ਚੋਰ ਮੋਰੀ ਥਾਣੀ ਵੇਖ ਰਿਹਾ ਸਾਂ ਅਤੇ ਗੁਰੂ ਸਾਹਿਬ ਨੇ ਰਾਤ ਦੇ ਡਿਨਰ ਵਿਚ ਉਹੀ ਕੁਕੜ ਪਰੋਸੇ ਸਨ ਤੇ ਨਾਲ ਮੈਨੂੰ ਇਹ ਵੀ ਕਿਹਾ ਸੀ, ਗੁਰਬਖਸ਼ ਸਿਹਾਂ! ਵੇਖ ਮੈਂ ਸਿੱਖਾਂ ਨੂੰ ਕਿਵੇਂ ਬੇਵਕੂਫ ਬਣਾਇਆ ਹੈ, ਮੰਗੇ ਸਨ ਸਿੱਖਾਂ ਦੇ ਸਿਰ ਤੇ ਝਟਕਾਏ ਹਨ ਕੁੱਕੜ। ਅੱਗੇ ਗੁਰਬਖਸ਼ ਸਿਹੁੰ ਮੈਨੂੰ ਕਹਿੰਦਾ ਮੈਂ ਗੁਰੂ ਗੋਬਿੰਦ ਸਿੰਘ ਨੂੰ ਟੋਕਿਆ ਤੇ ਕਿਹਾ ਗੁਰੂ ਸਾਹਿਬ ਜੀ ਤੁਸੀਂ ਤਾਂ ਇਹ ਨਾਅਰੇ ਲਾਏ ਸਨ ਕਿ *'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ '* ਤੇ *'ਹਮਊਂ ਨਰ ਬਾਇਦ ਸ਼ਬਦ ਸੁਖਨਵਰ'* ਅਤੇ *'ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ'* ਅਤੇ ਆਪ ਤੁਸੀਂ ਇਹਨਾਂ ਗੱਲਾਂ 'ਤੇ ਪੂਰੇ ਨਹੀਂ ਉਤਰੇ। ਅੱਗੋਂ ਗੁਰੂ ਸਾਹਿਬ ਕਹਿੰਦੇ ਗੁਰਬਖਸ਼ ਸਿਹਾਂ ਇਹਨਾਂ ਗੱਲਾਂ ਨੂੰ ਤਾਂ ਕੋਈ ਤੇਰੇ ਵਰਗਾ ਪੰਡਿਤ ਹੀ ਫੜ੍ਹ ਸਕਦਾ ਹੈ। ਤਾਂ ਮੇਰੀ ਅੱਖ ਅਚਾਨਕ ਖੁੱਲ ਗਈ ਤੇ ਮੈਂ ਵਾਹਿਗੁਰੂ-ਵਾਹਿਗੁਰੂ ਕਰਦਾ ਉੱਠ ਬੈਠਾ, ਮੁੜਕੋ-ਮੁੜਕੀ ਹੋ ਗਿਆ। ਅਰਦਾਸ ਕੀਤੀ ਕਿ ਹੇ ਗੁਰੂ ਮਹਾਰਾਜ! ਆਪਣੇ ਪੰਥ ਨੂੰ ਇਹਨਾਂ ਅਖੌਤੀ ਬੁਧੀਜੀਵੀਆਂ ਤੋਂ ਬਚਾਉ। ਗੁਰੂ ਸਾਹਿਬ ਜੀ ਨੇ ਇਸ ਸ਼ਬਦ ਦੀ ਬਖਸ਼ਿਸ਼ ਕੀਤੀ।

*ਗਉੜੀ ਚੇਤੀ*
*ੴ ਸਤਿਗੁਰ ਪ੍ਰਸਾਦਿ॥*
*ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ॥*
*ਬਾਤਨ ਹੀ ਅਸਮਾਨੁ ਗਿਰਾਵਹਿ॥੧॥*
*ਐਸੇ ਲੋਗਨ ਸਿਉ ਕਿਆ ਕਹੀਐ॥*
*ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ॥ਰਹਾਉ॥*
*ਆਪ ਨ ਦੇਹਿ ਚੁਰੂ ਭਰਿ ਪਾਨੀ॥*
*ਤਿਹ ਨਿੰਦਹਿ ਜਿਹ ਗੰਗਾ ਆਨੀ॥*
*ਬੈਠਤ ਉਠਤ ਕੁਟਿਲਤਾ ਚਾਲਹਿ॥*
*ਆਪੁ ਗਏ ਅਉਰਨ ਹੂ ਘਾਲਹਿ॥*
*ਛਾਡ ਕੁਚਰਚਾ ਆਨ ਨ ਜਾਨਹਿ॥*
*ਬ੍ਰਹਮਾ ਹੂ ਕੋ ਕਹਿਓ ਨ ਮਾਨਹਿ॥*
*ਆਪੁ ਗਏ ਅਉਰਨ ਹੂ ਖੋਵਹਿ॥*
*ਆਗਿ ਲਗਾਇ ਮੰਦਰ ਮੈ ਸੋਵਹਿ॥*
*ਅਵਰਨ ਹਸਤ ਆਪ ਹਹਿ ਕਾਨੇ॥*
*ਤਿਨ ਕਉ ਦੇਖਿ ਕਬੀਰ ਲਜਾਨੇ॥*

ਜਿਸ ਨੂੰ ਬਾਹਮਣ ਫੋਬੀਆ ਹੋਵੇ, ਉਹ ਇਸ ਸ਼ਬਦ ਦਾ ਇੱਕੀ ਵਾਰ ਪਾਠ ਕਰ ਲੈਣ।

*-ਡਾ. ਅਨੂਪ ਸਿੰਘ*